BRAMPTON Flower City brampton.ca

media release

30 ਅਗਸਤ, 2018

# 2018 ਦੀਆਂ ਬ੍ਰੈਂਪਟਨ ਮਿਊਨਿਸਿਪਲ ਚੋਣਾਂ ਦੇ ਉਮੀਦਵਾਰਾਂ ਲਈ ਜਾਣਕਾਰੀ ਸੈਸ਼ਨ

ਬ੍ਰੈਂਪਟਨ, ਓਨਟੈਰੀਓ – ਸਿਟੀ ਆਫ ਬ੍ਰੈਂਪਟਨ (City of Brampton) 2018 ਦੀਆਂ ਮਿਊਨਿਸਿਪਲ ਚੋਣਾਂ (Municipal Election) ਵਿੱਚ ਪ੍ਰਮਾਣਿਤ ਉਮੀਦਵਾਰਾਂ ਲਈ, ਵੀਰਵਾਰ, 13 ਸਤੰਬਰ, 2018 ਨੂੰ ਇੱਕ ਜਾਣਕਾਰੀ ਸੈਸ਼ਨ ਦਾ ਆਯੋਜਨ ਕਰੇਗੀ। ਜਾਣਕਾਰੀ ਸੈਸ਼ਨ ਸੈਂਚੁਰੀ ਗਾਰਡਨਸ ਰੇਕ੍ਰੀਏਸ਼ਨ ਸੈਂਟਰ, 340 ਵੋਡੇਨ ਸਟ੍ਰੀਟ ਈਸਟ, ਬ੍ਰੈਂਪਟਨ (Century Gardens Recreation Centre, 340 Vodden Street East, Brampton) ਵਿਖੇ ਸ਼ਾਮ 7 ਵਜੇ ਤੋਂ ਰਾਤ 9 ਵਜੇ ਤੱਕ ਹੋਵੇਗਾ।

ਸੈਸ਼ਨ ਵਿੱਚ ਚੋਣਾਂ-ਸਬੰਧੀ ਕਈ ਵਿਸ਼ਿਆਂ ‘ਤੇ ਧਿਆਨ ਦਿੱਤਾ ਜਾਏਗਾ, ਜਿਹਨਾਂ ਵਿੱਚ ਸ਼ਾਮਲ ਹਨ, ਵੋਟਰ ਯੋਗਤਾ, ਐਡਵਾਂਸ ਵੋਟਿੰਗ, ਉਮੀਦਵਾਰ ਅਤੇ ਨਿਰੀਖਕ ਦਾ ਆਚਰਨ (ਸਕ੍ਰੂਟੀਨੀਅਰ ਕੰਡਕਟ), ਵਿੱਤੀ ਰਿਪੋਰਟਿੰਗ, ਅਤੇ ਚੋਣ ਚਿੰਨ੍ਹ ਵਿਨਿਯਮ। ਇੱਕ ਇਲੈਕਟ੍ਰੋਨਿਕ ਵੋਟ ਟੈਬੂਲੇਟਰ (ਅੰਕੜਿਆਂ ਨੂੰ ਸਾਰਣੀਬੱਧ ਕਰਨ ਵਾਲੀ ਮਸ਼ੀਨ) ਅਤੇ ਇੱਕ ਪਹੁੰਚਯੋਗ ਵੋਟਿੰਗ ਯੂਨਿਟ ਦੇਖਣ ਲਈ ਸਾਈਟ ‘ਤੇ ਮੌਜੂਦ ਹੋਵੇਗੀ।

ਉਮੀਦਵਾਰਾਂ ਨੂੰ ਆਪਣੀ ਹਾਜ਼ਰੀ ਦੀ ਪੁਸ਼ਟੀ ਕਰਨ ਲਈ bramptonvotes@brampton.ca ‘ਤੇ ਈਮੇਲ ਕਰਕੇ ਰਜਿਸਟਰ ਕਰਨ ਲਈ ਕਿਹਾ ਜਾਂਦਾ ਹੈ। ਜੇਕਰ ਉਮੀਦਵਾਰ ਸ਼ਾਮਲ ਨਹੀਂ ਹੋ ਸਕਦਾ, ਤਾਂ ਉਹ ਆਪਣੇ ਵੱਲੋਂ ਕਿਸੇ ਹੋਰ ਨੂੰ ਸ਼ਾਮਲ ਕਰਨ ਲਈ ਰਜਿਸਟਰ ਕਰ ਸਕਦੇ ਹਨ। ਰਜਿਸਟਰੇਸ਼ਨ ਲਾਜ਼ਮੀ ਤੌਰ ‘ਤੇ 10 ਸਤੰਬਰ ਤੱਕ ਮਿਲ ਜਾਣੇ ਚਾਹੀਦੇ ਹਨ।

ਸਿਟੀ ਕਲਰਕ, ਅਤੇ 2018 ਦੀਆਂ ਬ੍ਰੈਂਪਟਨ ਮਿਊਨਿਸਿਪਲ ਚੋਣਾਂ ਦੇ ਰਿਟਰਨਿੰਗ ਅਫ਼ਸਰ, ਪੀਟਰ ਫੇ (Peter Fay) ਨੇ ਕਿਹਾ, "ਮਿਊਨਿਸਿਪਲ ਚੋਣਾਂ ਵਿੱਚ ਦੋ ਤੋਂ ਵੀ ਘੱਟ ਮਹੀਨੇ ਬਚੇ ਹਨ, ਅਸੀਂ ਉਮੀਦਵਾਰਾਂ ਨੂੰ ਚੋਣ ਪ੍ਰਕਿਰਿਆ ਬਾਰੇ ਹੋਰ ਜਾਣਨ ਦਾ ਮੌਕਾ ਮੁਹੱਈਆ ਕਰ ਰਹੇ ਹਾਂ, ਅਤੇ ਅਸੀਂ ਬ੍ਰੈਂਪਟਨ ਲਈ ਵਿਸ਼ੇਸ਼ ਮਹੱਤਵਪੂਰਨ ਜਾਣਕਾਰੀ ਸਾਂਝਾ ਕਰਾਂਗੇ।"

ਉਮੀਦਵਾਰ ਜਾਣਕਾਰੀ ਸੈਸ਼ਨ ਨਾਲ ਸਬੰਧਿਤ ਸਵਾਲਾਂ ਲਈ, ਇਲੈਕਸ਼ਨਸ ਕੋਆਰਡੀਨੇਟਰ, ਸ਼ੌਨਾ ਡੰਟੋਨ (Shauna Danton) ਨੂੰ 905.874.3952 ‘ਤੇ ਸੰਪਰਕ ਕਰੋ। 2018 ਦੀਆਂ ਬ੍ਰੈਂਪਟਨ ਮਿਊਨਿਸਿਪਲ ਚੋਣਾਂ ਸਬੰਧੀ ਹੋਰ ਜਾਣਕਾਰੀ ਲਈ, www.brampton.ca/bramptonvotes ‘ਤੇ ਜਾਓ।

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook ‘ਤੇ ਫਾਲੋ ਕਰੋ। www.brampton.ca ‘ਤੇ ਹੋਰ ਜਾਣੋ।

BRAMPTON
Flower City
brampton.ca

media release